Part II.

ਮਹੱਤਤਾ ਰੱਖਦੇ ਹਨ। ਉਸ ਵੇਲੇ ਵੀ ਇਹ ਆਵਾਜ਼ ਉੱਚੀ ਕੀਤੀ ਗਈ ਸੀ ਕਿ ਸਾਦਾ ਲੰਗਰ ਨੁਮਾ ਲੰਚ ਅਤੇ ਡਿਨਰ ਲੇਖਕਾਂ ਅਤੇ ਕਲਾਕਾਰਾਂ ਦੇ ਸੰਮੇਲਨਾਂ ਦੀ ਲੋੜ ਹੈ। ਪ੍ਰਾਹੁਣਚਾਰੀ ਦੇ ਦੂਜੇ ਨਮੂਨੇ ਹੋਰਨਾਂ ਮੌਕਿਆਂ ਲਈ ਹੀ ਰਾਖਵੇਂ ਰੱਖੇ ਜਾਣ ਤਾਂ ਠੀਕ ਹੈ।

ਸੰਮੇਲਨ ਦੀ ਸਾਰਿਆਂ ਨਾਲੋਂ ਵੱਡੀ ਕਾਮਯਾਬੀ ਪਾਕਿਸਤਾਨ ਤੋਂ ਫ਼ਖ਼ਰ ਜ਼ਮਾਨ ਦੀ ਅਗਵਾਈ ਵਿੱਚ ਵੱਡਾ ਡੈਲੀਗੇਸ਼ਨ ਆਉਣਾ ਹੈ। ਪਾਕਿਸਤਾਨ ਤੋਂ ਆਏ ਡੈਲੀਗੇਸ਼ਨ ਵਿੱਚ ਅਦੀਬ ਅਤੇ ਅਦਬ ਨਾਲ ਜੁੜੀਆਂ ਔਰਤਾਂ ਸਨ। ਇਹ ਚੰਗੀ ਗੱਲ ਸੀ ਕਿ ਉਹਨਾਂ ਦੇ ਨਾਲ ਕੋਈ ਵੱਡਾ ਬਿਜ਼ਨੈੱਸ ਮੈਨ (ਪ੍ਰਬੰਧਕਾਂ ਦੀ ਨਜ਼ਰ ਵਿੱਚ ਕਾਮਯਾਬ ਪੰਜਾਬੀ) ਨਹੀਂ ਸੀ। ਉਹਨਾਂ ਨੇ ਹਿੰਦ-ਪਾਕਿ ਦੋਸਤੀ ਨੂੰ ਨਵੀਆਂ ਬੁਲੰਦੀਆਂ ਦਿੱਤੀਆਂ। ਦੋਵਾਂ ਪੰਜਾਬਾਂ ਦੇ ਲੋਕਾਂ ਦੀ ਸਾਂਝੀ ਵਿਰਾਸਤ ਅਤੇ ਸ਼ਾਨਦਾਰ ਵਿਰਾਸਤ ਦੀ ਗੱਲ ਕਰਨੀ ਹਰ ਲਿਹਾਜ਼ ਨਾਲ ਮਨੁੱਖਤਾ (ਅਤੇ ਇਸ ਸੰਮੇਲਨ) ਦੀ ਵੱਡੀ ਪ੍ਰਾਪਤੀ ਹੈ। ਸਿਆਸਤ ਨੇ ਸਾਡੇ ਕੋਲੋਂ ਬੜੀਆਂ-ਬੜੀਆਂ ਮੂਰਖਤਾਈਆਂ ਕਰਵਾਈਆਂ ਹਨ। 47, 65, 71 ਤੇ ਕਾਰਗਿਲ ਸਾਡੇ ਸਾਹਮਣੇ ਹਨ। ਇਸ ਸੰਮੇਲਨ 'ਤੇ ਇੱਕ ਬੜਾ ਹੀ ਵਧੀਆ ਮੌਕਾ ਸਾਨੂੰ ਮੁਹੱਈਆ ਕੀਤਾ। ਹਰ ਇੱਕ ਦੇ ਮੂੰਹੋਂ ਇਹ ਸ਼ਬਦ ਨਿਕਲ ਰਹੇ ਸਨ 'ਸ਼ਾਲਾ ਇਹ ਦੋਸਤੀ ਸਦੀਵੀ ਰਹੇ'। ਵਿਸ਼ਵ ਪੰਜਾਬੀਆਂ ਦੀ ਸਾਂਝ ਦਾ ਸਾਰਿਆਂ ਨਾਲੋਂ ਵੱਡਾ ਮੁੱਦਾ ਦੋਵਾਂ ਪੰਜਾਬਾਂ ਦੀ ਸਾਂਝ ਹੈ। ਸਾਂਝੇ ਪੰਜਾਬੀਅਤ ਦੇ ਸੰਕਲਪ ਵਿੱਚ ਜੇ ਕਿਧਰੇ ਤ੍ਰੇੜ ਪੈਂਦੀ ਹੈ ਤਾਂ ਇਹ ਹਿੰਦੋਸਤਾਨ ਅਤੇ ਪਾਕਿਸਤਾਨ ਦੀ ਆਪਸੀ ਤ੍ਰੇੜ ਕਰਕੇ ਹੀ ਪੈਂਦੀ ਹੈ। ਹੋਰ ਸਾਰੇ ਮੁਲਕਾਂ ਵਿੱਚ ਵੀ ਜੇ ਅਸਰ ਪੈਂਦਾ ਹੈ ਤਾਂ ਇਸੇ ਤ੍ਰੇੜ ਕਰਕੇ ਹੀ ਪੈਂਦਾ ਹੈ। ਸੰਮੇਲਨ 'ਤੇ ਜਿਹੜੀ ਸਾਂਝੀ ਫਾਊਂਡੇਸ਼ਨ ਬਣੀ ਹੈ, ਉਹਦੇ ਮੈਂਬਰ ਇਸ ਦੋਸਤੀ ਤੇ ਪਹਿਰੇਦਾਰੀ ਦੇ ਯੋਗ ਹੋ ਸਕਣ ਤਾਂ ਆਉਣ ਵਾਲੇ ਇਤਿਹਾਸ ਵਿੱਚ ਇਹ ਇਸ ਸੰਮੇਲਨ ਦੀ ਪ੍ਰਾਪਤੀ ਦੇ ਤੌਰ 'ਤੇ ਯਾਦ ਕੀਤੀ ਜਾਏਗੀ। ਇਹ ਵੀ ਇੱਕ ਸਹੀ ਗੱਲ ਹੋਈ ਕਿ ਇਸ ਫਾਊਂਡੇਸ਼ਨ ਨੂੰ ਪੰਜਾਬ ਕਲਾ ਪ੍ਰੀਸ਼ਦ ਦੇ ਦਾਇਰੇ ਤੋਂ ਅਲੱਗ ਰੱਖਿਆ ਗਿਆ ਹੈ। ਇਸ ਵਿੱਚ ਗੁਲਜ਼ਾਰ ਸਿੰਘ ਸੰਧੂ, ਡਾ. ਦਲੀਪ ਕੌਰ ਟਿਵਾਣਾ ਆਦਿਕ ਦੀ ਸਮੇਂ ਸਿਰ ਦਖ਼ਲਅੰਦਾਜ਼ੀ ਇੱਕ ਵਰਦਾਨ ਸਾਬਤ ਹੋਈ ਹੈ। ਦੋਨੋਂ ਪਾਸੇ ਤੋਂ ਪੰਜਾਬੀਆਂ ਦੀ ਦੋਸਤੀ ਵਿਸ਼ਵ ਮਹੱਤਤਾ ਰੱਖਦੀ ਹੈ। ਫਾਊਂਡੇਸ਼ਨ ਦੀ ਕਾਇਮੀ ਇਸ ਗੱਲ ਦੀ ਗਰੰਟੀ ਹੋਵੇਗੀ ਕਿ ਵਿਸ਼ਵ ਪੰਜਾਬੀ ਸੰਮੇਲਨ ਹੋਰਨਾਂ ਥਾਵਾਂ 'ਤੇ ਵੀ ਹੋ ਸਕਣ, ਜਿਸ ਵਿੱਚ ਇਸ ਦੋਸਤੀ 'ਤੇ ਅਸਰਦਾਇਕ ਤਰੀਕੇ ਨਾਲ ਪਹਿਰੇਦਾਰੀ ਹੋ ਸਕੇ। ਪੰਜਾਬ ਕਲਾ ਪ੍ਰੀਸ਼ਦ ਇਹਦੇ ਲਈ ਠੀਕ ਕੇਂਦਰ ਨਹੀਂ ਸੀ ਹੋਣਾ।

ਸੰਮੇਲਨ ਦੇ ਸੰਜੀਦਾ ਸੈਸ਼ਨ ਸਹੀ ਤਰੀਕੇ ਨਾਲ ਉਲੀਕੇ ਗਏ ਸਨ। ਮੈਂ ਸਮਝਦਾ ਹਾਂ ਕਿ ਡਾ. ਦੀਪਕ ਮਨਮੋਹਣ ਸਿੰਘ, ਡਾ. ਸੁਰਿੰਦਰ ਸਿੰਘ ਨੂਰ, ਡਾ. ਜੁਗਿੰਦਰ ਸਿੰਘ ਕੈਰੋਂ ਅਤੇ ਹੋਰਨਾਂ ਨੇ

*(ਬਾਕੀ ਸਫ਼ਾ 5 'ਤੇ)*